[This question paper contains 2 printed pages.]

**Your Roll No...............**

**Sr. No. of Question Paper : 6136** **H**

Unique Paper Code : 2125001003

Name of the Paper : Punjabi Lok Sahit

Name of the Course : **Common Prog. Group : GE**

Semester : II

Duration : 3 Hours Maximum Marks : 90

**Instructions for Candidates**

1. Write your Roll No. on the top immediately on receipt of this question paper.

**ਨੋਟ: ਸਾਰੇ ਭਾਗ ਕਰਨੇ ਜ਼ਰੂਰੀ ਹਨ ।**

**ਭਾਗ ਪਹਿਲਾ**

1. ਲੋਕ ਸਾਹਿਤ ਦੀ ਪਰਿਭਾਸ਼ਾ ਨਿਸ਼ਚਿਤ ਕਰਦੇ ਹੋਏ, ਇਸ ਦੀ ਪ੍ਰਕਿਰਤੀ ਬਾਰੇ ਵਿਸਥਾਰ ਸਹਿਤ ਚਰਚਾ ਕਰੋ।

**ਜਾਂ**

ਲੋਕ ਸਾਹਿਤ ਦੀਆਂ ਪ੍ਰਮੁੱਖ ਵੰਨਗੀਆਂ ਬਾਰੇ ਵਿਸਤ੍ਰਿਤ ਜਾਣਕਾਰੀ ਦਿਓ। (15)

**ਭਾਗ ਦੂਜਾ**

**ਨੋਟ : ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਚਾਰ ਦੇ ਉੱਤਰ ਲਿਖੋ:** (10x4=40)

2. ਪਰੀ ਕਥਾ ਨੂੰ ਪਰਿਭਾਸ਼ਿਤ ਕਰਦਿਆਂ, ਇਸ ਨਾਲ ਸੰਬੰਧਿਤ ਕਿਸੇ **ਇਕ** ਪਰੀ ਕਥਾ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ।
3. ਪੰਜਾਬੀ ਲੋਕ ਕਾਵਿ-ਰੂਪ ਸੁਹਾਗ ਅਤੇ ਘੋੜੀਆਂ ਬਾਰੇ ਵਿਸਤ੍ਰਿਤ ਜਾਣਕਾਰੀ ਦਿਓ।
4. ਪੰਜਾਬੀ ਦੀ ਪ੍ਰਸਿੱਧ ਲੋਕ ਕਥਾ 'ਦੁੱਲਾ ਭੱਟੀ' ਬਾਰੇ ਚਰਚਾ ਕਰੋ।
5. ਲੋਰੀਆਂ ਅਤੇ ਖੇਡ-ਗੀਤ ਬਾਰੇ ਜਾਣਕਾਰੀ ਭਰਪੂਰ ਨੋਟ ਲਿਖੋ।
6. 'ਲੂਣ ਦਾ ਘਰ' ਕਥਾ ਦਾ ਸਾਰ ਲਿਖੋ ਅਤੇ ਇਸ ਵਿਚਲੀ ਸਿੱਖਿਆ ਨੂੰ ਆਪਣੇ ਸ਼ਬਦਾਂ ਵਿਚ ਬਿਆਨ ਕਰੋ।
7. ਪੰਜਾਬੀ ਲੋਕ ਸਿਆਣਪਾਂ 'ਬੁਝਾਰਤਾਂ' ਅਤੇ 'ਕਥਨ' ਸੰਬੰਧੀ ਵਿਸਤ੍ਰਿਤ ਜਾਣਕਾਰੀ ਦਿਓ।
8. ਪੰਜਾਬੀ ਲੋਕ ਕਾਵਿ ਦੀਆਂ ਵੱਖ-ਵੱਖ ਵੰਨਗੀਆਂ ਬਾਰੇ ਸੰਖੇਪ ਨੋਟ ਲਿਖੋ।

**ਭਾਗ ਤੀਜਾ**

9. **ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਸੱਤ ਦੇ ਉੱਤਰ ਲਿਖੋ :** (5X7=35)

   I. 'ਰਾਜਾ ਰਸਾਲੂ' ਦਾ ਕਥਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ।

   II. ਅਲਾਹੁਣੀਆਂ ਤੋਂ ਕੀ ਭਾਵ ਹੈ?

III. ਨੀਤੀ ਕਥਾ ਕਿਸ ਨੂੰ ਕਹਿੰਦੇ ਹਨ?

IV. ਸਿੱਠਣੀਆਂ ਅਤੇ ਹੇਅਰੇ ਵਿਚਲੇ ਅੰਤਰ ਨੂੰ ਸਪੱਸ਼ਟ ਕਰੋ।

V. 'ਚੰਦਰੀ ਸੰਗਤ' ਕਹਾਣੀ ਤੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ, ਸੰਖੇਪ ਵਿਚ ਲਿਖੋ।

VI. ਲੋਕ ਕਾਵਿ ਰੂਪ 'ਲੋਰੀ' ਬਾਰੇ ਸੰਖੇਪ ਨੋਟ ਲਿਖੋ।

VII. ਆਪਣੇ ਮਨ ਭਾਉਂਦੇ **ਦੋ** ਖੇਡ ਗੀਤਾਂ ਬਾਰੇ ਲਿਖੋ।

VIII. 'ਇਕ ਖਾਵਾਂ ਕਿ ਦੋ ਖਾਵਾਂ' ਕਹਾਣੀ ਵਿਚਲੇ ਮੁੱਖ ਪਾਤਰਾਂ ਨਾਲ ਜਾਣ ਪਛਾਣ ਕਰਾਓ।

IX. 'ਦੰਤ ਕਥਾ' ਤੋਂ ਕੀ ਭਾਵ ਹੈ? ਪੰਜਾਬ ਦੀ ਕਿਸੇ ਹਰਮਨ ਪਿਆਰੀ ਦੰਤ ਕਥਾ ਦਾ ਨਾਂ ਲਿਖੋ।

X. ਹੇਠ ਦਿੱਤੇ ਮੁਹਾਵਰਿਆਂ ਵਿਚੋਂ ਕੋਈ **ਦੋ** ਨੂੰ ਵਾਕਾਂ ਵਿਚ ਵਰਤ ਕੇ ਅਰਥ ਸਪੱਸ਼ਟ ਕਰੋ :
ਊਠ ਦੇ ਮੂੰਹ ਜੀਰਾ ਦੇਣਾ, ਆਈ-ਚਲਾਈ ਕਰਨਾ, ਸਾਹ-ਸਤ ਮੁੱਕ ਜਾਣਾ, ਹੱਥ ਵਟਾਉਣਾ।